(Punjabi Version)

**ਹਾਂਗਕਾਂਗ ਵਿੱਚ ਯੁਵਕ ਸੇਵਾਵਾਂ, ਡਰੱਗ ਦੇ ਇਲਾਜ ਅਤੇ ਮੁੜ ਵਸੇਬਾ ਸੇਵਾਵਾਂ,**
**ਅਤੇ ਭਾਈਚਾਰਕ ਵਿਕਾਸ ਸੇਵਾਵਾਂ ਬਾਰੇ ਸਾਰ**

**ਸੇਵਾ ਦੀ ਦਿਸ਼ਾ**

- ਨੌਜਵਾਨ ਲੋਕਾਂ ਦੀਆਂ ਅਨੇਕਾਂ ਤਰ੍ਹਾਂ ਦੀਆਂ ਅਤੇ ਬਦਲਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ, ਅਸੀਂ ਸੇਵਾ ਦੀ ਇੱਕ **ਸੰਪੂਰਨ ਅਤੇ ਏਕੀਕ੍ਰਿਤ ਪ੍ਰਣਾਲੀ** ਨੂੰ ਅਪਣਾਉਂਦੇ ਹਾਂ।

- ਸਮਾਜ ਭਲਾਈ ਵਿਭਾਗ ਗ੍ਰਾਂਟਾਂ ਮੁਹੱਈਆ ਕਰਦਾ ਹੈ ਅਤੇ ਨੌਜਵਾਨ ਲੋਕਾਂ ਲਈ ਕਈਂ ਤਰ੍ਹਾਂ ਦੀਆਂ **ਰੋਕਥਾਮਕਾਰੀ, ਵਿਕਾਸਾਤਮਕ ਅਤੇ ਉਪਚਾਰਾਤਮਕ ਸੇਵਾਵਾਂ** ਨੂੰ ਚਲਾਉਣ ਲਈ ਗੈਰ-ਸਰਕਾਰੀ ਸੰਗਠਨਾਂ ਨੂੰ ਮਾਨੀਟਰ ਕਰਦਾ ਹੈ, ਤਾਂ ਜੋ ਪ੍ਰੋੜ ਬਨਣ, ਸਮਾਜ ਵਿੱਚ ਯੋਗਦਾਨ ਪਾਉਣ ਵਾਲੇ ਅਤੇ ਜ਼ੁੰਮੇਵਾਰ ਨਾਗਰਿਕ ਬਣਨ ਵਿੱਚ ਨੌਜਵਾਨਾਂ ਦੀ ਮਦਦ ਕੀਤੀ ਜਾ ਸਕੇ।

## ੳ. **ਹਾਂਗਕਾਂਗ** ਵਿੱਚ **ਮੁੱਖ ਯੁਵਕ ਸੇਵਾਵਾਂ**

ਸ਼ੁਰੂਆਤੀ ਪਛਾਣ ਅਤੇ ਦਖਲਅੰਦਾਜ਼ੀ

***ਇੰਟੈਗ੍ਰੇਟਿਡ ਚਿਲਡਰਨ ਐਂਡ ਯੂਥ ਸਰਵਿਸਜ਼ ਸੈਂਟਰਜ਼ (Integrated Children and Youth Services Centres)***

- ਇੰਟੈਗ੍ਰੇਟਿਡ ਚਿਲਡਰਨ ਐਂਡ ਯੂਥ ਸਰਵਿਸਜ਼ ਸੈਂਟਰਜ਼ (ਆਈ ਸੀ ਵਾਈ ਐਸ ਸੀਜ਼) (ICYSCs) ਗੁਆਂਓ ਵਿੱਚ ਬੱਚਿਆਂ ਅਤੇ 6 ਅਤੇ 24 ਸਾਲ ਦੇ ਯੁਵਕਾਂ ਨੂੰ ਸੇਵਾ ਪ੍ਰਦਾਨ ਕਰਨ ਲਈ ਸਥਾਪਤ ਕੀਤੇ ਗਏ ਹਨ। ਸੇਵਾਵਾਂ ਨੂੰ ਇੱਕ ਸਮੱਗਰ ਰੂਪ ਵਿੱਚ ਪ੍ਰਦਾਨ ਕੀਤਾ ਜਾਂਦਾ ਹੈ। ICYSCs ਦੁਆਰਾ ਵੱਖ-ਵੱਖ ਪਲੇਟਫਾਰਮਾਂ (ਭਾਵ ਕੇਂਦਰ, ਸਕੂਲ, ਜਾਂ ਭਾਈਚਾਰਾ) ਵਿੱਚ ਸਮਾਜਕ ਕਾਰਜ ਦੀਆਂ ਦਾਖਲਾਕਾਰੀ ਰਣਨੀਤੀਆਂ (ਜਿਨ੍ਹਾਂ ਵਿੱਚ ਕੇਸ ਵਰਕ, ਸਮੂਹ ਅਧਾਰਤ ਕੰਮ ਅਤੇ ਭਾਈਚਾਰਕ ਕੰਮ ਸ਼ਾਮਲ ਹਨ) ਦੇ ਲਚਕੀਲਾ ਅਨੁਪ੍ਰਯੋਗ ਦੇ ਰਾਹੀਂ, ਰਣਨੀਤਕ ਗਠਜੋੜ ਬਣਾਉਣਾ ਅਤੇ ਇਨਫਾਰਮੇਸ਼ਨ ਟੈਕਨੋਲਜੀ ਦੀ ਵਰਤੋਂ ਕਰਨਾ (ਜਿੱਥੇ ਵੀ ਢੁੱਕਵਾਂ ਹੋਏ), ਵਿਭਿੰਨ ਪ੍ਰਕਾਰ ਦੇ ਪ੍ਰੋਗ੍ਰਾਮ ਜਿਨ੍ਹਾਂ ਵਿੱਚ ਮਾਰਗਦਰਸ਼ਨ ਅਤੇ ਕਾਊਂਸਲਿੰਗ ਸ਼ਾਮਲ ਹੈ, ਸਹਾਇਕ ਪ੍ਰੋਗ੍ਰਾਮ, ਵਿਕਾਸਾਤਮਕ ਅਤੇ ਸਮਾਜੀਕਰਣ ਦੇ ਪ੍ਰੋਗ੍ਰਾਮ ਅਤੇ ਨਾਲ ਦੀ ਨਾਲ ਭਾਈਚਾਰੇ ਦੀ ਸ਼ਮੂਲੀਅਤ ਦੇ ਪ੍ਰੋਗ੍ਰਾਮ ਪ੍ਰਦਾਨ ਕੀਤੇ ਜਾਂਦੇ ਹਨ। ICYSCs ਦੀ ਸੂਚੀ ਲਈ, ਕਿਰਪਾ ਕਰਕੇ ਇੱਥੇ ਸੋਸ਼ਲ ਵੈਲਫ਼ੇਅਰ ਡਿਪਾਰਟਮੈਂਟ ਦੀ ਵੈਬਸਾਈਟ ਨੂੰ ਦੇਖੋ www.swd.gov.hk।

***ਸੈਕੰਡਰੀ ਸਕੂਲਾਂ ਵਿੱਚ ਸਕੂਲ ਸੋਸ਼ਲ ਵਰਕ ਸਰਵਿਸ (School Social Work Service in Secondary Schools)***

- ਸਕੂਲ ਸੋਸ਼ਲ ਵਰਕ ਸਰਵਿਸ ਨੂੰ ਸੈਕੰਡਰੀ ਸਕੂਲਾਂ ਵਿੱਚ "**ਹਰ ਸਕੂਲ ਲਈ ਦੋ ਸਕੂਲ ਸੋਸ਼ਲ ਵਰਕਰ**" ਦੀ ਨੀਤੀ ਦੇ ਅਨੁਸਾਰ ਲਾਗੂ ਕੀਤਾ ਜਾਂਦਾ ਹੈ। ਹਰੇਕ ਸੈਕੰਡਰੀ ਡੇਅ ਸਕੂਲ ਨੂੰ ਦੋ ਪੂਰਨ-ਕਾਲ ਦੇ ਸਟੇਸ਼ਨ 'ਤੇ ਮੌਜੂਦ ਰਹਿਣ ਵਾਲੇ ਸਮਾਜਕ ਕਾਰਜਕਰਤਾ ਪ੍ਰਦਾਨ ਕੀਤੇ ਜਾਂਦੇ ਹਨ ਤਾਂ ਜੋ ਅਕਾਦਮਿਕ, ਸਮਾਜਿਕ ਅਤੇ ਭਾਵਨਾਤਮਕ ਸਮੱਸਿਆਵਾਂ ਵਾਲੇ ਜ਼ਰੂਰਤਮੰਦ ਬੱਚਿਆਂ ਨੂੰ ਪਛਾਣਿਆ ਜਾ ਸਕੇ ਅਤੇ ਇਨ੍ਹਾਂ ਦੀ ਮਦਦ ਕੀਤੀ ਜਾ ਸਕੇ। ਪੁੱਛਗਿੱਛ ਲਈ ਕਿਰਪਾ ਕਰਕੇ ਸਬੰਧਤ ਸਕੂਲ ਤੱਕ ਪਹੁੰਚ ਕਰੋ।

***ਆਫ਼ਟਰ ਸਕੂਲ ਕੇਅਰ ਪ੍ਰੋਗਰਾਮ (After School Care Programme)***

- ਆਫ਼ਟਰ ਸਕੂਲ ਕੇਅਰ ਪ੍ਰੋਗਰਾਮ (ਏ ਐਸ ਸੀ ਪੀ) (ASCP) ਦਾ ਉਦੇਸ਼ **ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ, (ਜਿਨ੍ਹਾਂ ਵਿੱਚ ਉਹ ਵਿਦਿਆਰਥੀ ਸ਼ਾਮਲ ਹਨ ਜਿਨ੍ਹਾਂ ਨੂੰ ਖਾਸ ਅਕਾਦਮਿਕ ਜ਼ਰੂਰਤਾਂ SEN ਜਾਂ ਸ਼ੱਕੀ ਐਸ ਈ ਐਨ (SEN) ਵਾਲੇ ਉਹ ਵਿਦਿਆਰਥੀ ਜੋ ਚਿਕਿਤਸਕ ਆਂਕਲਣ ਦਾ ਇੰਤਜ਼ਾਰ ਕਰ ਰਹੇ ਹਨ), ਜੋ ਕਿ ਹਾਂਗ ਕਾਂਗ ਦੇ ਰਿਹਾਇਸ਼ੀ ਹਨ, ਅਤੇ ਜਿਨ੍ਹਾਂ ਲਈ ਸਹਾਇਕ ਸੇਵਾਵਾਂ ਪ੍ਰਦਾਨ ਕਰਨਾ ਹੈ।** ਉਨ੍ਹਾਂ ਦੇ ਮਾਪੇ ਉਨ੍ਹਾਂ ਦੇ ਕੰਮ, ਕੰਮ ਦੀ ਭਾਲ ਜਾਂ ਹੋਰ ਕਾਰਨਾਂ ਕਰਕੇ ਉਨ੍ਹਾਂ ਨੂੰ ਸਕੂਲ ਤੋਂ ਬਾਅਦ ਦੇ ਸਮਿਆਂ ਵਿੱਚ ਢੁੱਕਵੀਂ ਦੇਖਭਾਲ ਪ੍ਰਦਾਨ ਕਰਨ ਤੋਂ ਅਸਮਰੱਥ ਹਨ। ਸੇਵਾਵਾਂ ਦੇ ਵਿੱਚ ਹੋਮ ਵਰਕ ਸਬੰਧੀ ਮਾਗਰਦਰਸ਼ਨ, ਮਾਪਿਆਂ ਲਈ ਮਾਰਗਦਰਸ਼ਨ ਅਤੇ ਸਿੱਖਿਆ, ਹੁਨਰ ਸਿਖਲਾਈ ਅਤੇ ਸਮਾਜਕ ਗਤੀਵਿਧੀਆਂ ਸ਼ਾਮਲ ਹਨ। ਕੇਂਦਰਾਂ ਦੀ ਸੂਚੀ ਲਈ, ਕਿਰਪਾ ਕਰਕੇ ਇੱਥੇ ਸੋਸ਼ਲ ਵੈਲਫ਼ੇਅਰ ਡਿਪਾਰਟਮੈਂਟ ਦੀ ਵੈਬਸਾਇਟ ਨੂੰ ਦੇਖੋ www.swd.gov.hk।

- ASCP ਕੇਂਦਰਾਂ ਨੂੰ **ਸਵੈ-ਵਿੱਤ ਪ੍ਰਬੰਧ ਅਤੇ ਫੀਸ-ਵਸਲੀ ਆਧਾਰ 'ਤੇ ਚਲਾਇਆ ਜਾਂਦਾ ਹੈ।** ਫੀਸ-ਛੋਟ ਸਬਸਿਡੀ ਸਕੀਮ ਦੇ ਅਧੀਨ, (ਐਸ ਡਬਲਿਯੂ ਡੀ) (SWD) ਪੂਰੀ ਫੀਸ ਦੇ ਲਈ ਛੋਟ, ਅੱਧੀ ਫੀਸ ਦੀ ਕਟੌਤੀ ਜਾਂ ਇੱਕ-ਤਿਹਾਈ ਫੀਸ ਕਮੀ ਲਈ ਸਬਸਿਡੀਆਂ ਪ੍ਰਦਾਨ ਕਰਦੀ ਹੈ ਤਾਂ ਜੋ ਨਿਮਨ ਆਮਦਨ ਵਾਲੇ ਪਰਿਵਾਰ ਏ ਐਸ ਸੀ ਪੀ (ASCP) ਵਿੱਚ ਭਾਗ ਲੈ ਸਕਣ। ਜ਼ਰੂਰਤਮੰਦ ਅਤੇ ਪਾਤਰ ਪਰਿਵਾਰ ਅਰਜ਼ੀ ਦੇਣ ਲਈ ਸਬੰਧਤ ਕੇਂਦਰਾਂ ਤੱਕ ਸਿੱਧੇ ਪਹੁੰਚ ਕਰ ਸਕਦੇ ਹਨ।

- ਜ਼ਿਆਦਾ ਘੰਟਿਆਂ ਲਈ/ਅਨਿਯਮਤ ਘੰਟਿਆਂ ਲਈ ਕੰਮ ਕਰਨ ਵਾਲੇ, ਜਾਂ ਉਹ ਜੋ ਕਾਰਜ ਸ਼ਕਤੀ ਵਿੱਚ ਸ਼ਾਮਲ ਹੋਣ ਦਾ ਇਰਾਦਾ ਰੱਖਦੇ ਮਾਪਿਆਂ ਦੀ ਸਹਾਇਤਾ ਕਰਨ ਲਈ ਐਸ ਡਬਲਿਯੂ ਡੀ (SWD) ਨੇ ਹਫ਼ਤੇ ਦੇ ਦਿਨਾਂ, ਸ਼ਨੀਵਾਰਾਂ, ਐਤਵਾਰਾਂ ਅਤੇ ਸਕੂਲੀ ਛੁੱਟੀਆਂ ਵਾਲੇ ਦਿਨਾਂ ਨੂੰ ਸੇਵਾ ਦੇ ਘੰਟਿਆਂ ਨੂੰ ਵਧਾ ਕੇ ਕੁਝ ਏ ਐਸ ਸੀ ਪੀ (ASCP) ਕੇਂਦਰਾਂ ਵਿੱਚ ਵਿਸਤ੍ਰਿਤ ਏ ਐਸ ਸੀ ਪੀ (ASCP) ਨੂੰ ਲਾਗੂ ਕੀਤਾ ਹੈ ਅਤੇ ਫੀਸ-ਛੋਟ ਵਾਲੇ/ਕਮੀ ਕਰਨ ਵਾਲੇ ਕੋਟੇ ਪ੍ਰਦਾਨ ਪ੍ਰਦਾਨ ਕਰ ਰਹੀ ਹੈ।

ਸਮੇਂ ਅਨੁਸਾਰ ਸਹਾਇਤਾ

***ਡਿਸਟ੍ਰਿਕਟ ਯੂਥ ਆਉਟਰੀਚਿੰਗ ਸੋਸ਼ਲ ਵਰਕ ਸਰਵਿਸ (District Youth Outreaching Social Work Service)***

- ਇਲਾਕਾ-ਅਧਾਰ ਅਨੁਸਾਰ ਡਿਸਟ੍ਰਿਕਟ ਯੂਥ ਆਉਟਰੀਚਿੰਗ ਸੋਸ਼ਲ ਵਰਕ ਟੀਮਾਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਨੌਜਵਾਨ ਲੋਕਾਂ ਤੱਕ **ਪਹੁੰਚ ਕੀਤੀ ਜਾ ਸਕੇ ਅਤੇ ਕਾਊਂਸਲਿੰਗ ਅਤੇ ਮਾਰਗਦਰਸ਼ਨ ਪ੍ਰਦਾਨ ਕੀਤਾ ਜਾ ਸਕੇ** ਜਿਨ੍ਹਾਂ ਦੀ ਉਮਰ 6 ਤੋਂ 24 ਦੇ ਵਿਚਕਾਰ ਹੈ ਅਤੇ ਜੋ ਆਮ ਤੌਰ 'ਤੇ ਪ੍ਰੰਪਰਾਗਤ ਸਮਾਜਕ ਜਾਂ ਨੌਜੁਆਨ ਸੇਵਾਵਾਂ ਵਿੱਚ ਭਾਗ ਨਹੀਂ ਲੈਂਦੇ ਅਤੇ ਅਣਇੱਛਿਤ ਪ੍ਰਭਾਵਾਂ ਪ੍ਰਤੀ ਕਮਜ਼ੋਰ ਹਨ। ਇਹ ਸੇਵਾ ਉੱਚ-ਜ਼ੋਖਮ ਵਾਲੇ ਯੁਵਕਾਂ ਦੀਆਂ ਜ਼ਰੂਰਤਾਂ ਨੂੰ ਹੱਲ ਕਰਨ ਅਤੇ ਕਿਸ਼ੋਰਾਂ ਦੀਆਂ ਗੈਂਗ ਵਾਲੀਆਂ ਸਮੱਸਿਆਵਾਂ ਨਾਲ ਸਿੱਝਣ ਲਈ ਪ੍ਰਭਾਵਸ਼ਾਲੀ ਹੈ। ਟੀਮਾਂ ਦੀ ਸੂਚੀ ਲਈ, ਕਿਰਪਾ ਕਰਕੇ ਇੱਥੇ ਸੋਸ਼ਲ ਵੈਲਫ਼ੇਅਰ ਡਿਪਾਰਟਮੈਂਟ ਦੀ ਵੈਬਸਾਇਟ ਨੂੰ ਦੇਖੋ www.swd.gov.hk।

***ਓਵਰਨਾਇਟ ਆਉਟਰੀਚਿੰਗ ਸਰਵਿਸ ਫ਼ਾਰ ਯੰਗ ਨਾਇਟ ਡ੍ਰਿਫਟਰਜ਼ (Overnight Outreaching Service for Young Night Drifters)***

- ਓਵਰਨਾਇਟ ਆਉਟਰੀਚਿੰਗ ਸਰਵਿਸ ਫ਼ਾਰ ਯੰਗ ਨਾਇਟ ਡ੍ਰਿਫਟਰਜ਼ ਉੱਚ-ਜ਼ੋਖਮ ਵਾਲੇ ਨੌਜਵਾਨ ਨਾਇਟ ਡ੍ਰਿਫ਼ਟਰਾਂ, ਜੋ ਕਿ ਸੰਭਾਵੀ ਨੈਤਿਕ ਖਤਰੇ ਦੇ ਸੰਪਰਕ ਵਿੱਚ ਆਉਣ ਵਾਲੇ **ਉੱਚ-ਜ਼ੋਖਮ ਵਾਲੇ ਯੰਗ ਨਾਇਟ ਡ੍ਰਿਫਟਰਜ਼** ਨੂੰ ਇਲਾਕਾ-ਆਧਾਰ 'ਤੇ ਪ੍ਰਦਾਨ ਕੀਤੀ ਜਾਂਦੀ ਹੈ। ਟੀਮਾਂ ਦੀ ਸੂਚੀ ਲਈ, ਕਿਰਪਾ ਕਰਕੇ ਇੱਥੇ ਸੋਸ਼ਲ ਵੈਲਫ਼ੇਅਰ ਡਿਪਾਰਟਮੈਂਟ

ਦੀ ਵੈਬਸਾਇਟ ਨੂੰ ਦੇਖੋ www.swd.gov.hk।

### *ਸਾਈਬਰ ਯੂਥ ਸਪੋਰਟ ਟੀਮਜ਼ (Cyber Youth Support Teams)*

- ਸਾਈਬਰ ਯੂਥ ਸਪੋਰਟ ਟੀਮਜ਼ ਆਨਲਾਈਨ ਅਤੇ ਆਫ਼ਲਾਇਨ ਕਾਊਂਸਲਿੰਗ ਅਤੇ ਸਮੂਹ/ਪ੍ਰੋਗ੍ਰਾਮ ਸੇਵਾਵਾਂ ਸਮੇਤ **ਜ਼ੋਖਮ 'ਤੇ ਹੋਣ ਵਾਲੇ ਅਤੇ ਛੁਪੇ ਹੋਏ ਨੌਜਵਾਨਾਂ** ਲਈ ਪੇਸ਼ੇਵਰ ਸਮਾਜਕ ਕਾਰਜ ਦੀ ਦਖਲਅੰਦਾਜ਼ੀ ਪ੍ਰਦਾਨ ਕਰਦੀਆਂ ਹਨ। ਉਹ ਹੋਰ ਭਾਈਚਾਰਕ ਹਿੱਤ ਧਾਰਕਾਂ ਅਤੇ ਸੰਗਠਨਾਂ ਦੇ ਨਾਲ ਭਾਗੀਦਾਰੀ ਬਣਾਉਣਗੇ ਤਾਂ ਜੋ ਜ਼ੋਖਮ 'ਤੇ ਹੋਣ ਵਾਲੇ ਅਤੇ ਛੁਪੇ ਹੋਏ ਨੌਜਵਾਨਾਂ ਦੀਆਂ ਜ਼ਰੂਰਤਾਂ ਨੂੰ ਹੱਲ ਕਰਨ ਲਈ ਵੱਖ-ਵੱਖ ਸੈਕਟਰਾਂ ਦੇ ਵਿਚਕਾਰ ਸਹਿਯੋਗ ਬਣਾਇਆ ਜਾ ਸਕੇ। ਟੀਮਾਂ ਦੀ ਸੂਚੀ ਲਈ, ਕਿਰਪਾ ਕਰਕੇ ਇੱਥੇ ਸੋਸ਼ਲ ਵੈਲਫ਼ੇਅਰ ਡਿਪਾਰਟਮੈਂਟ ਦੀ ਵੈਬਸਾਇਟ ਨੂੰ ਦੇਖੋ www.swd.gov.hk।

### *ਹਾਟਲਾਇਨ ਸਰਵਿਸ ਫ਼ਾਰ ਯੂਥ-ਐਟ-ਰਿਸਕ (Hotline Service for Youth- at-Risk)*

- ਹਾਂਗ ਕਾਂਗ ਫੈਡਰੇਸ਼ਨ ਆਫ਼ ਯੂਥ ਗਰੁੱਪਸ **(2777 8899)** ਦੁਆਰਾ ਚਲਾਈ ਜਾਂਦੀ ਹਾਟਲਾਇਨ ਸੇਵਾ **ਟੈਲੀਫ਼ੋਨ ਸੰਪਰਕ** ਦੇ ਰਾਹੀਂ ਜ਼ੋਖਮ ਤੇ ਮੌਜੂਦ ਯੁਵਕ ਨੂੰ ਤੁਰੰਤ ਕਾਊਂਸਲਿੰਗ ਦੀ ਪੇਸ਼ਕਸ਼ ਕਰਨ ਲਈ ਹੈ। ਕਾੱਲ ਕਰਨ ਵਾਲਿਆਂ ਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਵਿੱਚ ਟੈਲੀਫ਼ੋਨ ਰਾਹੀਂ ਮਾਰਗਦਰਸ਼ਨ ਅਤੇ ਕਾਊਂਸਲਿੰਗ, ਤੁਰੰਤ ਦਖਲਅੰਦਾਜ਼ੀ ਲਈ ਆਹਮੋ-ਸਾਹਮਣੇ ਕੀਤੀ ਜਾਣ ਵਾਲੀ ਕਾਊਂਸਲਿੰਗ ਅਤੇ ਹੋਰ ਢੁੱਕਵੇਂ ਸੇਵਾ ਯੂਨਿਟਾਂ ਲਈ ਹਵਾਲਗੀਆਂ ਸ਼ਾਮਲ ਹਨ।

### *ਡਿਸਟ੍ਰਿਕਟ ਸਪੋਰਟ ਸਕੀਮ ਫ਼ਾਰ ਚਿਲਡਰਨ ਐਂਡ ਯੂਥ ਡਿਵੈਲਪਮੈਂਟ (District Support Scheme for Children and Youth Development)*

- ਸਕੀਮ ਦੇ ਟੀਚੇ ਜ਼ਿਲ੍ਹੇ ਵਿੱਚ ਬੱਚੇ ਅਤੇ 24 ਸਾਲ ਜਾਂ ਇਸ ਉਮਰ ਤੋਂ ਘੱਟ ਦੇ ਉਹ ਯੁਵਕ ਹਨ ਜੋ ਵਿੱਤੀ ਤੌਰ 'ਤੇ ਕਮਜ਼ੋਰ ਹਨ ਅਤੇ ਮਾੜੇ ਹਾਲਤਾਂ ਵਿੱਚ ਹਨ। ਸੰਸਾਧਨਾਂ ਨੂੰ ਬੱਚਿਆਂ ਅਤੇ ਯੁਵਕਾਂ ਦੀਆਂ ਵਿਕਾਸ ਸਬੰਧੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਖਰਚਿਆਂ ਲਈ ਸਬਸਿਡੀ ਦੇਣ ਲਈ **ਸਿੱਧੀ ਨਕਦ ਸਹਾਇਤਾ** ਵੱਜੋਂ ਵੰਡਿਆ ਜਾਂਦਾ ਹੈ। ਕੇਸ ਵਰਕ ਸੇਵਾਵਾਂ ਪ੍ਰਾਪਤ ਕਰਨ ਵਾਲੇ ਜ਼ਰੂਰਤਮੰਦ ਗਾਹਕ ਵੇਰਵਿਆਂ ਦੇ ਲਈ ਉਨ੍ਹਾਂ ਦੇ ਜ਼ੁੰਮੇਵਾਰ ਸੋਸ਼ਲ ਵਰਕਰਾਂ ਨੂੰ ਮਿਲ ਸਕਦੇ ਹਨ।

<u>ਨੌਜਵਾਨ ਲੋਕਾਂ ਨੂੰ ਸਹੀ ਰਸਤੇ 'ਤੇ ਵਾਪਸ ਲਿਆਉਣਾ</u>

### *ਕਮਿਊਨਿਟੀ ਸਪੋਰਟ ਸਰਵਿਸ ਸਕੀਮ (Community Support Service Scheme)*

- ਕਮਿਊਨਿਟੀ ਸਪੋਰਟ ਸਰਵਿਸ ਸਕੀਮ (ਸੀ ਐਸ ਐਸ ਐਸ) (CSSS) ਦਾ ਉਦੇਸ਼ ਉਨ੍ਹਾਂ ਬੱਚਿਆਂ ਅਤੇ ਯੁਵਕਾਂ ਲਈ ਸਹਾਇਤਾ ਸੇਵਾਵਾਂ ਪ੍ਰਦਾਨ ਕਰਨਾ ਹੈ ਜਿਨ੍ਹਾਂ ਨੂੰ ਪੁਲਿਸ ਸੁਪਰਡੈਂਟ ਦੀ ਡਿਸਕ੍ਰੀਸ਼ਨ ਸਕੀਮ ਦੇ ਅਧੀਨ ਚੇਤਾਵਨੀ ਦਿੱਤੀ ਗਈ ਹੈ, ਜੋ ਗ੍ਰਿਫ਼ਤਾਰ ਕੀਤੇ ਗਏ ਯੁਵਕ ਹਨ ਅਤੇ ਉਨ੍ਹਾਂ ਦੇ ਨਾਲ ਦੇ ਸਾਥੀ ਹਨ, ਤਾਂ ਜੋ ਭਾਈਚਾਰੇ ਨਾਲ ਮੁੜ ਜੁੜਨ ਵਿੱਚ ਉਨ੍ਹਾਂ ਦੀ ਮਦਦ ਕੀਤੀ ਜਾ ਸਕੇ ਅਤੇ ਉਨ੍ਹਾਂ ਦੇ ਭਟਕਵੇਂ ਅਤੇ ਗੈਰ-ਕਾਨੂੰਨੀ ਵਿਹਾਰ ਨੂੰ ਖਤਮ ਕੀਤਾ ਜਾ ਸਕੇ ਅਤੇ ਉਨ੍ਹਾਂ ਦੁਆਰਾ ਕਾਨੂੰਨ ਦੀ ਉਲੰਘਣਾ ਕਰਨ ਦੀ ਸੰਭਾਵਨਾ ਨੂੰ ਘਟਾਇਆ ਜਾ ਸਕੇ। ਸੇਵਾਵਾਂ ਵਿੱਚ ਵਿਅਕਤੀਗਤ ਅਤੇ ਪਰਿਵਾਰਕ ਕਾਊਂਸਲਿੰਗ, ਉਪਚਾਰਾਤਮਕ ਸਮੂਹ, ਹੁਨਰ ਦੀ ਸਿਖਲਾਈ/ਸਿੱਖਿਆਤਮਕ ਸਮੂਹ, ਕਮਿਊਨਿਟੀ ਸੇਵਾਵਾਂ, ਅਪਰਾਧ ਰੋਕਣ ਦੇ ਪ੍ਰੋਗ੍ਰਾਮ, ਆਦਿ ਸ਼ਾਮਲ ਹਨ। ਸੇਵਾਵਾਂ ਦੀ ਵਧੀਆ ਸਹਿਕ੍ਰਿਆ ਲਈ ਸੀ ਐਸ ਐਸ ਐਸ (CSSS) ਟੀਮਾਂ ਨੂੰ ਹਰੇਕ ਇੰਟੈਗ੍ਰੇਟਿਡ ਚਿਲਡਰਨ ਐਂਡ ਯੂਥ ਸਰਵਿਸਜ਼ ਸੈਂਟਰਜ਼ (Integrated Children and Youth Services Centres) ਨਾਲ ਜੋੜਿਆ ਜਾਂਦਾ ਹੈ। ਟੀਮਾਂ ਦੀ ਸੂਚੀ ਲਈ, ਕਿਰਪਾ ਕਰਕੇ ਇੱਥੇ ਸੋਸ਼ਲ ਵੈਲਫ਼ੇਅਰ ਡਿਪਾਰਟਮੈਂਟ ਦੀ ਵੈਬਸਾਈਟ www.swd.gov.hk ਨੂੰ ਦੇਖੋ ।

## ਅ. <u>ਡਰੱਗ ਦਾ ਇਲਾਜ਼ ਅਤੇ ਮੁੜ ਵਸੇਬਾ ਸੇਵਾਵਾਂ</u>

### *ਕਾਊਂਸਲਿੰਗ ਸੈਂਟਰ ਫਾਰ ਸਾਈਕੋਟ੍ਰੋਪਿਕ ਸਬਸਟਾਂਸ ਅਬਯੂਜ਼ਰਜ਼ (Counselling Centre for Psychotropic Substance Abusers)*

- ਕਾਊਂਸਲਿੰਗ ਸੈਂਟਰ ਫਾਰ ਸਾਈਕੋਟ੍ਰੋਪਿਕ ਸਬਸਟਾਂਸ ਅਬਯੂਜ਼ਰਜ਼ ਦਾ ਉਦੇਸ਼, **ਸਾਈਕੋਟ੍ਰੋਪਿਕ ਵਸਤਾਂ ਦੇ ਆਦਤਨ/ਕਦੇ-ਕਦਾਈ ਦੇ/ਸੰਭਾਵੀ ਦੁਰਵਰਤੋਂਕਾਰਾਂ ਅਤੇ ਜ਼ੋਖਮ 'ਤੇ ਹੋਣ ਵਾਲੇ ਕਿਸ਼ੋਰਾਂ** ਨੂੰ ਸਾਇਕੋਟ੍ਰੋਪਿਕ ਵਸਤਾਂ ਦੀ ਦੁਰਵਰਤੋਂ ਨੂੰ ਬੰਦ ਕਰਨ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਵਿਕਸਤ ਕਰਨ ਵਿੱਚ ਸਹਾਇਤਾ ਦੇ ਨਜ਼ਰੀਏ ਨਾਲ ਕਾਊਂਸਲਿੰਗ ਅਤੇ ਸਹਾਇਤਾ ਮੁਹੱਈਆ ਕਰਵਾਉਣਾ ਹੈ। ਸੇਵਾਵਾਂ ਵਿੱਚ ਸ਼ਾਮਲ ਹੈ (i) ਸਾਈਕੋਟ੍ਰੋਪਿਕ ਵਸਤਾਂ ਦੇ ਦੁਰਵਰਤੋਂਕਾਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕੇਸ ਅਤੇ ਸਮੂਹ ਵਾਲੀ ਕਾਊਂਸਲਿੰਗ; (ii) ਪੀਅਰ ਸਹਾਇਤਾ ਸੇਵਾ; (iii) ਸੈਕੰਡਰੀ ਸਕੂਲਾਂ, ਪੋਸਟ ਸੈਕੰਡਰੀ ਸੰਸਥਾਵਾਂ, ਅਤੇ ਕਿੱਤਾਮਈ ਟ੍ਰੇਨਿੰਗ ਸੰਗਠਨਾਂ ਦੇ ਵਿਦਿਆਰਥੀਆਂ ਅਤੇ ਭਾਈਚਾਰਕ ਪੱਧਰ 'ਤੇ ਆਮ ਜਨਤਾ ਵਾਸਤੇ ਵਾਸਤੇ ਨਿਯਮਤ ਰੋਕਥਾਮਕਾਰੀ ਸਿੱਖਿਆ ਪ੍ਰੋਗ੍ਰਾਮ; (iv) ਭਾਈਵਾਲ ਪੇਸ਼ੇਵਰਾਂ ਲਈ ਪੇਸ਼ੇਵਰ ਸਿਖਲਾਈ; ਅਤੇ (v) ਸ਼ੁਰੂਆਤੀ ਪਛਾਣ ਲਈ ਜ਼ਰੂਰਤਮੰਦ ਲੋਕਾਂ ਨੂੰ ਉਨ੍ਹਾਂ ਦੇ ਸਥਾਨ 'ਤੇ ਚਿਕਿਤਸਕ ਸਹਾਇਤਾ ਸੇਵਾ ਅਤੇ ਉਨ੍ਹਾਂ ਨੂੰ ਸ਼ੁਰੂਆਤੀ ਇਲਾਜ ਅਤੇ ਮੁੜ ਵਸੇਬਾ ਸੇਵਾਵਾਂ ਪ੍ਰਾਪਤ ਕਰਨ ਲਈ ਉਤਸ਼ਾਹਤ ਕਰਨਾ। ਕੇਂਦਰਾਂ ਦੀ ਸੂਚੀ ਲਈ, ਕਿਰਪਾ ਕਰਕੇ ਇੱਥੇ ਸੋਸ਼ਲ ਵੈਲਫ਼ੇਅਰ ਡਿਪਾਰਟਮੈਂਟ ਦੀ ਵੈਬਸਾਇਟ www.swd.gov.hkਨੂੰ ਦੇਖੋ।

### *ਰੈਜ਼ੀਡੈਂਸ਼ਿਅਲ ਡਰੱਗ ਟ੍ਰੀਟਮੈਂਟ ਅਤੇ ਰੀਹੈਬਲਿਟੇਸ਼ਨ ਸੈਂਟਰਜ਼ ਐਂਡ ਹਾਫ਼ਵੇਅ ਹਾਊਸਜ਼ (Residential Drug Treatment and Rehabilitation Centres and Halfway Houses)*

- ਰੈਜ਼ੀਡੈਂਸ਼ਿਅਲ ਡਰੱਗ ਟ੍ਰੀਟਮੈਂਟ ਅਤੇ ਰੀਹੈਬਲਿਟੇਸ਼ਨ ਸੈਂਟਰਜ਼ ਐਂਡ ਹਾਫ਼ਵੇਅ ਹਾਊਸਜ਼, ਡਰੱਗ ਦੇ ਉਨ੍ਹਾਂ ਦੁਰਵਰਤੋਂਕਾਰਾਂ ਨੂੰ ਸੇਵਾ ਪ੍ਰਦਾਨ ਕਰਦੇ ਹਨ **ਜੋ ਇੱਛਕ ਰੈਜ਼ੀਡੈਂਸ਼ੀਅਲ ਡਰੱਗ ਟ੍ਰੀਟਮੈਂਟ, ਰੀਹੈਬਲੀਟੇਸ਼ਨ ਅਤੇ ਸਮਾਜਕ ਏਕੀਕਰਣ ਦੀ ਮੰਗ ਕਰਦੇ ਹਨ।** ਸੇਵਾਵਾਂ ਦੀ ਨਿਰੰਤਰਤਾ ਅਤੇ ਬਾਅਦ ਦੀ ਦੇਖਭਾਲ ਦੇ ਪ੍ਰਾਵਧਾਨ ਨਾਲ, ਇਸਦਾ ਉਦੇਸ਼ ਡਰੱਗ ਦੇ ਦੁਰਵਰਤੋਂਕਾਰਾਂ ਨੂੰ ਡਰੱਗ ਲੈਣ ਦੀ ਆਦਤ ਨੂੰ ਛੱਡਣ ਵਿੱਚ ਮਦਦ ਕਰਨਾ, ਵਿਹਾਰ ਵਿੱਚ ਸਕਾਰਾਤਮਕ ਬਦਲਾਅ ਪ੍ਰਾਪਤ ਕਰਨਾ, ਜੀਵਨ ਵਿੱਚ ਨਵੀਂ ਦਿਸ਼ਾ ਵਿਕਸਿਤ ਕਰਨਾ ਅਤੇ ਭਾਈਚਾਰੇ ਵਿੱਚ ਮੁੜ ਸ਼ਾਮਲ ਹੋਣਾ ਹੈ। ਆਰਥਿਕ ਸਹਾਇਤਾ ਦਿੱਤੇ ਜਾਂਦੇ ਕੇਂਦਰਾਂ ਲਈ, ਕਿਰਪਾ ਕਰਕੇ ਇੱਥੇ ਸੋਸ਼ਲ ਵੈਲਫ਼ੇਅਰ ਡਿਪਾਰਟਮੈਂਟ ਦੀ ਵੈਬਸਾਇਟ www.swd.gov.hk ਨੂੰ ਦੇਖੋ।

### *ਸੈਂਟਰ ਫਾਰ ਡਰੱਗ ਕਾਊਂਸਲਿੰਗ (Centre for Drug Counselling)*

- ਸੈਂਟਰ ਫਾਰ ਡਰੱਗ ਕਾਊਂਸਲਿੰਗ ਦਾ ਉਦੇਸ਼ **ਡਰੱਗ ਦੇ ਦੁਰਵਰਤੋਂਕਾਰਾਂ** ਦੀ ਡਰੱਗ ਦੀ ਦੁਰਵਰਤੋਂ ਨੂੰ ਬੰਦ ਕਰਵਾਉਣ ਵਿੱਚ, **ਡਰੱਗ ਦੀ ਦੁਰਵਰਤੋਂ ਛੱਡ ਚੁੱਕੇ ਵਿਅਕਤੀਆਂ** ਦੀ, ਸਹਾਇਤਾ ਕਰਨਾ ਹੈ ਅਤੇ ਪ੍ਰਹੇਜ਼ ਬਰਕਰਾਰ ਰੱਖਣਾ ਅਤੇ **ਡਰੱਗ ਦੇ ਦੁਰਵਰਤੋਂਕਾਰਾਂ ਅਤੇ ਡਰੱਗ ਦੀ ਦੁਰਵਰਤੋਂ ਛੱਡ ਚੁੱਕੇ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ** ਦੀ ਡਰੱਗ ਦੀ ਦੁਰਵਰਤੋਂ ਤੋਂ ਪੈਦਾ ਹੋ ਰਹੀਆਂ ਸਮੱਸਿਆਵਾਂ ਨਾਲ ਸਿੱਝਣ ਵਿੱਚ ਸਹਾਇਤਾ ਕਰਨ ਵਿੱਚ ਮਦਦ ਕਰਨਾ ਹੈ। ਸੇਵਾਵਾਂ ਵਿੱਚ ਸ਼ਾਮਲ ਹੈ (i) ਵਿਅਕਤੀਗਤ ਅਤੇ ਸਮੂਹਿਕ ਕਾਊਂਸਲਿੰਗ; (ii) ਸਮੂਹ ਦੀਆਂ ਗਤੀਵਿਧੀਆਂ; (iii) ਪੀਅਰ ਸਹਾਇਤਾ ਸੇਵਾਵਾਂ; (iv) ਵੱਖ-ਵੱਖ ਟੀਚਾਬੱਧ ਸਮੂਹਾਂ ਨੂੰ ਰੋਕਥਾਮਕਾਰੀ ਸਿੱਖਿਆ ਸੇਵਾਵਾਂ; ਅਤੇ (v) ਸ਼ੁਰੂਆਤ ਵਿੱਚ ਪਛਾਣ ਅਤੇ ਡਰੱਗ ਦੇ ਦੁਰਵਰਤੋਂਕਾਰਾਂ ਨੂੰ ਸ਼ੁਰੂਆਤੀ ਇਲਾਜ ਅਤੇ ਮੁੜਵਸੇਬਾ ਸੇਵਾਵਾਂ ਉਨ੍ਹਾਂ ਦੇ ਸਥਾਨ 'ਤੇ ਚਿਕਿਤਸਕ ਸਹਾਇਤਾ ਦੇਣਾ। ਕੇਂਦਰਾਂ ਦੀ ਸੂਚੀ ਲਈ, ਕਿਰਪਾ ਕਰਕੇ ਇੱਥੇ ਸੋਸ਼ਲ ਵੈਲਫ਼ੇਅਰ ਡਿਪਾਰਟਮੈਂਟ ਦੀ ਵੈਬਸਾਇਟ www.swd.gov.hk ਨੂੰ ਦੇਖੋ।

## ਸੀ. ਕਮਿਊਨਿਟੀ ਡਿਵੈਲਪਮੈਂਟ ਸਰਵਿਸਜ਼ (Community Development Services)

### *ਕਮਿਊਨਿਟੀ ਸੈਂਟਰ (Community Centre)*

- ਕਮਿਊਨਿਟੀ ਸੈਂਟਰ ਇੱਕ ਸਥਾਨਕ ਖੇਤਰ ਵਿੱਚ **ਸਾਰੇ ਉਮਰ ਸਮੂਹਾਂ ਲਈ ਕੇਂਦਰੀ ਸਥਾਨ** ਹੈ ਜੋ ਸਮਾਜਿਕ ਰਿਸ਼ਤਿਆਂ ਅਤੇ ਆਪਸੀ ਸਹਾਇਤਾ ਨੂੰ ਉਤਸ਼ਾਹਤ ਕਰਦਾ ਹੈ; ਸਵੈ-ਨਿਰਭਰਤਾ, ਸਮਾਜਕ ਜ਼ੁੰਮੇਵਾਰੀ ਅਤੇ ਸਮਾਜ ਦੇ ਅੰਦਰ ਜੁੜਾਵ ਦੀ ਭਾਵਨਾ ਨੂੰ ਵਿਕਸਤ ਕਰਦਾ ਹੈ; ਅਤੇ ਵਿਅਕਤੀਆਂ ਅਤੇ ਪਰਿਵਾਰਾਂ ਨੂੰ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਅਤੇ ਭਾਈਚਾਰਕ ਜੀਵਨ ਦੀ ਗੁਣਵੱਤਤਾ ਨੂੰ ਸੁਧਾਰਨ ਲਈ ਸਮਰੱਥ ਕਰਦਾ ਹੈ। ਕੇਂਦਰਾਂ ਦੀ ਸੂਚੀ ਲਈ, ਕਿਰਪਾ ਕਰਕੇ ਇੱਥੇ ਸੋਸ਼ਲ ਵੈਲਫ਼ੇਅਰ ਡਿਪਾਰਟਮੈਂਟ ਦੀ ਵੈਬਸਾਇਟ www.swd.gov.hk ਨੂੰ ਦੇਖੋ।

### *ਨੇਬਰਹੁੱਡ ਲੈਵਲ ਕਮਿਊਨਿਟੀ ਡਿਵੈਲਪਮੈਂਟ ਪ੍ਰੋਜੈਕਟ (ਐਨ ਐਲ ਸੀ ਡੀ ਪੀ) (Neighbourhood Level Community Development Project, NLCDP)*

- ਨੇਬਰਹੁੱਡ ਲੈਵਲ ਕਮਿਊਨਿਟੀ ਡਿਵੈਲਪਮੈਂਟ ਪ੍ਰੋਜੈਕਟ (ਐਨ ਐਲ ਸੀ ਡੀ ਪੀ) **ਵੰਚਿਤ ਅਤੇ ਕੇਵਲ ਗੁਜ਼ਾਰਾ ਕਰਦੇ ਭਾਈਚਾਰਿਆਂ** ਦੀ ਸੇਵਾ ਲਈ ਹੈ ਜਿੱਥੇ ਕਲਿਆਣ ਸੇਵਾਵਾਂ ਅਤੇ ਸੁਵਿਧਾਵਾਂ ਦਾ ਪ੍ਰਾਵਧਾਨ ਥੋੜ੍ਹਾ ਜਾਂ ਗੈਰ-ਮੌਜੂਦ ਹੈ। ਐਨ ਐਲ ਸੀ ਡੀ ਪੀ (NLCDP) ਸੇਵਾ ਦੀ ਭਾਈਚਾਰੇ ਵਿੱਚ ਕਮਜ਼ੋਰ ਸਮੂਹਾਂ ਦੀ ਸੇਵਾ ਲਈ ਭਾਈਚਾਰਾ ਅਧਾਰਤ ਹੋਰ ਸੇਵਾਵਾਂ ਦੇ ਪ੍ਰਾਵਧਾਨ ਦੇ ਨਾਲ ਸਮਾਪਤ ਹੋਣ ਅਤੇ ਆਰਜ਼ੀ ਹਾਊਸਿੰਗ ਖੇਤਰਾਂ, ਸਕੁਐਟਰ ਖੇਤਰਾਂ ਅਤੇ ਜਨਤਕ ਹਾਊਸਿੰਗ ਐਸਟੇਟ ਆਦਿ ਦੇ ਕਲੀਅਰੈਂਸ ਪ੍ਰੋਗ੍ਰਾਮਾਂ ਵਿੱਚ ਕਮੀ ਦੀ ਆਸ ਕੀਤੀ ਜਾਂਦੀ ਹੈ। ਟੀਮਾਂ ਦੀ ਸੂਚੀ ਲਈ, ਕਿਰਪਾ ਕਰਕੇ ਇੱਥੇ ਸੋਸ਼ਲ ਵੈਲਫ਼ੇਅਰ ਡਿਪਾਰਟਮੈਂਟ ਦੀ ਵੈਬਸਾਇਟ www.swd.gov.hk ਨੂੰ ਦੇਖੋ ।

### *ਕੇਅਰ ਐਂਡ ਸਪੋਰਟ ਨੈਟਵਰਕ ਟੀਮ (ਸੀ ਐਸ ਐਨ ਟੀ) (Care and Support Networking Team, CSNT)*

- ਕੇਅਰ ਐਂਡ ਸਪੋਰਟ ਨੈਟਵਰਕ ਟੀਮ ਦਾ ਉਦੇਸ਼ **ਵੈਸਟ ਕੋਲੂਨ ਵਿੱਚ ਸਾਬਕਾ ਉਲੰਘਣਾਕਰਤਾਵਾਂ, ਸਾਬਕਾ ਦਿਮਾਗੀ ਬਿਮਾਰ ਵਿਅਕਤੀਆਂ ਅਤੇ ਗਲੀ ਵਿੱਚ ਸੌਣ ਵਾਲਿਆਂ** ਦੀ ਸਹਾਇਤਾ ਕਰਨਾ ਹੈ ਤਾਂ ਜੋ ਆਊਟਰੀਚ, ਸਹਾਇਤਾ, ਕੇਸਵਰਕ ਅਤੇ ਗਰੁੱਪ ਵਰਕ ਸੇਵਾਵਾਂ ਦੇ ਪ੍ਰਾਵਧਾਨ ਦੇ ਨਾਲ ਉਨ੍ਹਾਂ ਦਾ ਭਾਈਚਾਰੇ ਵਿੱਚ ਮੁੜ ਜੁੜਾਵ ਕੀਤਾ ਜਾ ਸਕੇ। ਟੀਮਾਂ ਦੀ ਸੂਚੀ ਲਈ, ਕਿਰਪਾ ਕਰਕੇ ਇੱਥੇ ਸੋਸ਼ਲ ਵੈਲਫ਼ੇਅਰ ਡਿਪਾਰਟਮੈਂਟ ਦੀ ਵੈਬਸਾਇਟ www.swd.gov.hk ਨੂੰ ਦੇਖੋ।

ਨੌਜੁਆਨਾਂ ਲਈ ਭਾਗ
ਨੌਹੁਆਨ ਅਤੇ ਸੁਧਾਰਾਂ ਦੀ ਬ੍ਰਾਂਚ
ਸੋਸ਼ਲ ਵੈਲਫ਼ੇਅਰ ਵਿਭਾਗ
ਮਾਰਚ 2021